# ਉਪਸੰਹਾਰ

ਦੁਆ ਦਾ ਅਧਿਐਨ ਖ਼ੁਦਾ ਦਾ ਧਿਆਨ ਕਰਨਾ ਹੀ ਹੈ। ਖ਼ੁਦਾ ਤਾਂ ਖ਼ੁਦਾ ਹੈ, ਪਰ ਮਨੁੱਖ ਕੁਝ ਵੀ ਨਹੀਂ; ਖ਼ੁਦਾ ਤਾਂ ਖ਼ੁਦਾ ਹੈ, ਪਰ ਮੈਂ ਕੁਝ ਵੀ ਨਹੀਂ। ਇਸ ਕਰਕੇ ਦੁਆ ਤੇ ਗੌਰ ਕਰਨਾ ਸਾਨੂੰ ਹਲੀਮ ਬਣਾ ਦਿੰਦਾ ਹੈ। ਇਸ ਦਾ ਅੰਤ ਸ਼ਾਬਾਸ਼ੀ ਦੇ ਜਵਾਬਾਂ ਦੀ ਥਾਂ ਸੁਆਲਾਂ ਨਾਲ ਹੁੰਦਾ ਹੈ। ਇਸ ਦਾ ਅੰਤ ਹੱਲਾਂ ਨਾਲ ਨਹੀਂ, ਖ਼ੁਦਾ ਨਾਲ ਹੁੰਦਾ ਹੈ।

ਮਸੀਹੀ ਲੋਕ ਖ਼ੁਦਾ ਨੂੰ ਭਾਲਦੇ ਹਨ। ਸਾਡੀ ਇੱਛਾ ਉਸਦੀ ਮਰਜ਼ੀ ਨੂੰ ਜਾਣਨਾ ਅਤੇ ਉਸ ਵਿਚ ਪਾਏ ਜਾਣਾ ਹੈ। ਇਸ ਲਈ ਦੁਆ ਦੇ ਅੰਦਰ ਖ਼ੁਦਾ ਦੀ ਮਰਜ਼ੀ ਰਚੀ ਹੈ। ਆਮ ਤੌਰ ਤੇ ਜਿੰਨਾਂ ਅਸੀਂ ਉਸਦੀ ਮਰਜ਼ੀ ਦੀ ਭਾਲ ਕਰਦੇ ਹਾਂ ਓਨਾਂ ਹੀ ਘੱਟ ਸਾਨੂੰ ਪਤਾ ਲਗਦਾ ਹੈ। ਖ਼ੁਦਾ ਸਿਰਫ਼ ਗਿਆਨ ਨਹੀਂ ਹੈ ਅਤੇ ਨਾ ਹੀ ਦੁਆ ਬਾਈਬਲ ਹੈ। ਜਿਹਦੇ ਕਰਕੇ ਸਵਾਲ ਰਹਿ ਜਾਂਦੇ ਹਨਃ

ਕੀ ਸਾਡੇ ਲਈ ਖ਼ੁਦਾ ਦੀ ਕੋਈ ਮਰਜ਼ੀ ਹੈ? ਕੀ ਖ਼ੁਦਾ ਉਸ ਇੱਛਾ ਨੂੰ ਜ਼ਾਹਿਰ ਕਰਦਾ ਹੈ ਜਾਂ ਲੁਕਾ ਲੈਂਦਾ ਹੈ? ਇਸ ਦਾ ਪਤਾ ਲਾਉਣ ਲਈ ਅਸੀਂ ਇੰਨੀ ਦਰਦਨਾਕ ਲੰਬਾਈ ਤਕ ਕਿਉਂ ਚਲੇ ਜਾਂਦੇ ਹਾਂ? ਕੀ ਅਸੀਂ ਥਿਓਲੋਜੀ (ਧਰਮ ਵਿਗਿਆਨ) ਤੋਂ ਰੂਹਾਨੀ ਤੌਰ ਤੇ ਤਲਾਕ ਲੈ ਸਕਦੇ ਹਾਂ? ਕੀ ਖ਼ੁਦਾ ਦੀ ਮਰਜ਼ੀ ਨੂੰ ਜਾਣਨ ਦੀ ਤਲਾਸ਼ ਵਚਨ ਦੇ ਮੁਤਾਬਕ ਹੈ? ''ਖ਼ੁਦਾ ਦੀ ਮਰਜ਼ੀ'' ਦੀ ਬਾਈਬਲੀ ਪਰਿਭਾਸ਼ਾ ਕੀ ਹੈ? ਕੀ ਅਸੀਂ ਖ਼ੁਦਾ ਦੀ ਮਰਜ਼ੀ ਨੂੰ ਜਾਣਨ ਲਈ ਖੋਟ ਭਰੇ ਖਿਆਲਾਂ ਦੀ ਵਰਤੋਂ ਕਰਦੇ ਹਾਂ? ਕੀ ਅਸੀਂ ਬਾਇਬੀਲ ਦੇ ਬਿਨਾਂ ਖ਼ੁਦਾ ਦੇ ਮਨ ਨੂੰ ਜਾਣ ਸਕਦੇ ਹਾਂ? ਗਿਦਾਊਨ ਵਾਂਗ ''ਉੱਨ ਰੱਖਣਾ'' ਫ਼ਜ਼ੂਲ ਕਿਉਂ ਹੈ?

ਅਸੀਂ ਖ਼ੁਦਾ ਤੇ ਭਰੋਸਾ ਰੱਖ ਕੇ ਦੁਆ ਕਰਦੇ ਹਾਂ। ਹਾਬਲ ਦੀ ਨਿਹਚਾ ਖ਼ੁਦਾ ਵਿਚ ਸੀ, ਅਤੇ ਉਹ ਮਰ ਗਿਆ। ਹਨੋਕ ਖ਼ੁਦਾ ਦੇ ਨਾਲ ਨਾਲ ਚੱਲਦਾ ਸੀ ਅਤੇ ਉਹ ਨਹੀਂ ਮਰਿਆ। ਨੂਹ ਨੇ ਖ਼ੁਦਾ ਦੀ ਗੱਲ ਮੰਨੀ ਅਤੇ ਹੋਰ ਸਭ ਮਰ ਗਏ। ਸਾਡੀਆਂ ਜ਼ਿੰਦਗੀਆਂ ਵਿਚ ਬਦਲਾਅ ਸਾਡੇ ਵਿਸ਼ਵਾਸ ਨਾਲ ਆਉਂਦਾ ਹੈ। ਖ਼ੁਦਾ ਦੀ ਮਰਜ਼ੀ ਨੂੰ ਜਾਣਨ ਲਈ ਵਚਨ ਦਾ ਗਿਆਨ ਹੋਣਾ ਲਾਜ਼ਮੀ ਹੈ। ਖ਼ੁਦਾ ਦੀ ਮਰਜ਼ੀ ਨੂੰ ਜਾਣਨ ਲਈ ਪਹਿਲਾਂ ਉਸ ਨੂੰ ਜਾਣਨਾ ਜ਼ਰੂਰੀ ਹੈ। ਯਕੀਨਨ ਹੀ ਅਸੀਂ ਉਸ ਦੀ ਮਰਜ਼ੀ ਨੂੰ ਚੰਗੀ ਤਰ੍ਹਾਂ ਉਦੋਂ ਸਮਝ ਸਕਦੇ ਹਾਂ ਜਦ ਅਸੀਂ ਉਸਦੇ ਵਰਗੇ ਬਣਾਂਗੇ। ਦੁਆ ਵਿਚ ਸਬੰਧ ਜ਼ਰੂਰੀ ਹੈ। ਖ਼ੁਦਾ ਦੀ ਮਰਜ਼ੀ ਲੱਭਣਾ ਉਸਦੇ ਨਾਲ ਸਬੰਧ ਤੇ ਅਧਾਰਿਤ ਹੋਣੀ ਚਾਹੀਦੀ ਹੈ। ਖ਼ੁਦਾ ਨੂੰ ਪਤਾ ਹੈ ਅਤੇ ਖ਼ੁਦਾ ਚਾਹੁੰਦਾ ਹੈ ਕਿ ਲੋਕ ਉਸ ਨੂੰ ਜਾਣਨ। ਅਸਾਨ ਅਰਥ ਵਿਚ ਬੱਚਿਆਂ ਵਰਗੇ, ਖ਼ੁਦਾ ਅਤੇ ਆਗਿਆਕਾਰੀ ਵਿਸ਼ਵਾਸ ਵਿਚ, ਖ਼ੁਦਾ ਸਾਨੂੰ ਆਪਣੀ ਮਰਜ਼ੀ ਵਿਚ ਆਉਣ ਦਿੰਦਾ ਹੈ। ਆਪਣੇ ਆਪ ਨੂੰ ਜਾਣਨਾ ਤਕਲੀਫ਼ਦੇਹ ਹੈ। ਖ਼ੁਦਾ ਨੂੰ ਜਾਣਨਾ ਤਕਲੀਫ਼ਦੇਹ ਹੈ, ਤਾਂ ਵੀ ਇਹ ਇਕ ਬਰਕਤ ਹੈ। ਇਸ ਲਈ ਅਸੀਂ ਅਧੀਨ ਹੁੰਦੇ ਹਾਂ; ਸਮਰਪਣ ਕਰਦੇ ਹਾਂ; ਸੇਵਾ ਕਰਦੇ ਹਾਂ। ਫਿਰ ਸੁਰਗ ਦਾ ਖ਼ੁਦਾ ਸਾਨੂੰ ਸਾਡੀ ਸੋਚ ਨਾਲੋਂ ਕਿਤੇ ਵੱਧ ਬਰਕਤਾਂ ਦਿੰਦਾ ਹੈ। ਮੈਂ ਆਪਣੀ ਜ਼ਿੰਦਗੀ ਜੀ ਲਈ ਹੈ। ਨਹੀਂ, ਮੈ ਇਸਨੂੰ ਆਪਣੀ ਮਰਜ਼ੀ ਨਾਲ, ਭਾਵ ਜਿਵੇਂ ਮੈਂ ਸਹੀ ਲੱਗਾ, ਉਵੇਂ ਨਹੀਂ ਹੰਢਾਇਆ, ਬਲਕਿ ਇਹ ਚੰਗੀ ਹੈ, ਉਸ ਤੋਂ ਕਿਤੇ ਵਧੀਆ। ਖ਼ੁਦਾ ਤਾਂ ਖ਼ੁਦਾ ਹੀ ਹੈ! ਅਤੇ ਉਹ ਭਲਾ ਹੈ! ਲੋਕ ਖ਼ੁਦਾ ਤੋਂ ਬਿਨਾਂ ਕਿਵੇਂ ਰਹਿ ਸਕਦੇ ਹਨ?

ਕੀ ਸਾਨੂੰ ਸਮਝ ਆ ਗਈ ਹੈ ਕਿ ''ਬਾਈਬਲ ਦੇ ਜਾਣੇ ਪਛਾਣੇ ਵਚਨ ਨੂੰ ਹੋਰ ਗਹਿਰਾਈ ਨਾਲ ਪੜ੍ਹਨਾ ਕਿੰਨਾ ਜ਼ਰੂਰੀ ਹੈ?'' ਲੂਕਾ 11 ਅਧਿਆਇ ਵਿਚ ਉੱਥੇ ਹੀ ਚਲੀਏ, ਜਿੱਥੋਂ ਅਸੀਂ ਸ਼ੁਰੂਆਤ ਕੀਤੀ ਸੀ। ਚੇਲਿਆਂ ਨੇ ਸਾਡੇ ਸਭ ਵੱਲੋਂ ਕਿਹਾ ਸੀ, ''ਸਾਨੂੰ ਦੁਆ ਕਰਨਾ ਸਿਖਾ ਦੇ।'' ਯਿਸੂ ਨੇ ਉਸ ਬੇਨਤੀ ਦਾ ਜਵਾਬ ਇਕ ਦੁਆ ਨਾਲ ਦਿੱਤਾ ਸੀ, ਜਿਸ ਨੂੰ ''ਨਮੂਨੇ ਦੀ ਦੁਆ'' ਕਿਹਾ ਜਾਂਦਾ ਹੈ। ਫਿਰ

ਉਸ ਨੇ ''ਬਦਹਵਾਸ ਦੋਸਤ'' ਦੀ ਇਕ ਦਰਦਨਾਕ ਤਮਸੀਲ ਦਿੱਤੀ ਜਿਸ ਨੂੰ ਅੱਜ ਨਜ਼ਰਅੰਦਾਜ਼ ਕੀਤਾ ਜਾਂਦਾ ਜਾਂ ਗ਼ਲਤ ਸਮਝਿਆ ਜਾਂਦਾ ਹੈ।

ਮਸੀਹੀ ਲੋਕ ਸੰਤਾਨ ਹਨ। ਮਾਂ–ਪਿਓ ਅੱਧੀ ਰਾਤ ਨੂੰ ਆਪਣੇ ਬੱਚਿਆਂ ਦੀਆਂ ਲੋੜਾਂ ਅਤੇ ਮੰਗਾਂ ਦਾ ਧਿਆਨ ਰੱਖਦੇ ਹਨ। ਬੱਚਿਆਂ ਨੂੰ ''ਦਰਵਾਜ਼ੇ ਤੇ ਮਾਰਨ'' ਦੀ ਲੋੜ ਨਹੀਂ ਹੈ। ਦੁਆ ''ਬਦਹਵਾਸ ਦੋਸਤਾਂ'' ਲਈ ਨਹੀਂ ਹੈ। ''ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ'' (ਲੂਕਾ 11: 13)।

## "ਪਹਿਲਾਂ ਦੁਆ ਕਰੋ।"